FVRL

FRASER VALLEY REGIONAL LIBRARY

# ਤੁਹਾਡੀ ਲਾਇਬਰੇਰੀ ਵਿੱਚ ਸਵਾਗਤ ਹੈ



## ਵੰਨ-ਸੁਵੰਨੀ ਵਸੋਂ ਦੀ ਸੇਵਾ ਵਿੱਚ

ਫਰੇਜ਼ਰ ਵੈਲੀ ਰੀਜਨਲ ਲਾਇਬਰੇਰੀ ਵਿੱਚ ਅੰਗਰੇਜ਼ੀ ਅਤੇ ਦੁਨੀਆਂ ਦੀਆਂ ਕਈ ਹੋਰ ਬੋਲੀਆਂ ਵਿੱਚ ਕਿਤਾਬਾਂ, ਡੀ ਵੀ ਡੀਆਂ, ਸੀ ਡੀਆਂ, ਅਤੇ ਵੀਡੀਓ ਸਮੇਤ ਸਮੱਗਰੀ ਦਾ ਵੱਡਾ ਭੰਡਾਰ ਹੈ।

## ਲਾਇਬਰੇਰੀ ਕਾਰਡ ਮੁਫਤ ਮਿਲਦਾ ਹੈ

~ Panjabi ~

Read. Learn. Play. | www.fvrl.ca

## ਮੈਂਬਰਸ਼ਿੱਪ

ਸਾਡੀਆਂ ਸਾਰੀਆਂ ਕਮਿਉਨਿਟੀਆਂ ਦੇ ਨਿਵਾਸੀਆਂ ਨੂੰ ਲਾਇਬਰੇਰੀ ਕਾਰਡ ਮੁਫਤ ਮਿਲਦੇ ਹਨ। ਮੈਂਬਰ ਬਣਨ ਲਈ ਸਾਡੀ ਕਿਸੇ ਵੀ ਲਾਇਬਰੇਰੀ ਵਿੱਚ ਹੇਠਾਂ ਲਿਖੀਆਂ ਚੀਜ਼ਾਂ ਲੈ ਕੇ ਆਵੋ:

- ਬਾਲਗ – ਸ਼ਨਾਖਤ ਦੇ 2 ਪੱਤਰ, ਜਿਹਨਾਂ ਵਿੱਚੋਂ ਇਕ ਉੱਪਰ ਤੁਹਾਡਾ ਮੌਜੂਦਾ ਡਾਕ ਦਾ ਪਤਾ ਹੋਣਾ ਚਾਹੀਦਾ ਹੈ।
- ਕਿਸ਼ੋਰ – (13-18 ਸਾਲ ਦੇ ਵਿਚਕਾਰ ਉਮਰ) ਸ਼ਨਾਖਤ ਦਾ ਇਕ ਪੱਤਰ (ਉਦਾਹਰਨ ਲਈ ਸਟੂਡੈਂਟ ਕਾਰਡ)
- ਬੱਚੇ – (13 ਸਾਲ ਤੋਂ ਘੱਟ ਉਮਰ) ਮਾਪੇ ਜਾਂ ਗਾਰਡੀਅਨ ਦੇ ਦਸਖਤ ਅਤੇ ਮਾਪੇ ਜਾਂ ਗਾਰਡੀਅਨ ਦੀ ਸ਼ਨਾਖਤ ਦਾ ਇਕ ਪੱਤਰ ਅਤੇ ਬੱਚੇ ਦੀ ਸ਼ਨਾਖਤ ਦਾ ਪੱਤਰ।

## ਵੈੱਬਸਾਈਟ:

ਹੇਠ ਲਿਖੀਆਂ ਚੀਜ਼ਾਂ ਤੱਕ ਪਹੁੰਚ ਕਰਨ ਲਈ ਸਾਡਾ ਵੈੱਬਸਾਈਟ www.fvrl.ca ਵਰਤੋ:

- ਆਪਣਾ ਅਕਾਉਂਟ – ਚੀਜ਼ਾਂ ਬਾਰੇ ਬੇਨਤੀ ਕਰਨ ਲਈ ਅਤੇ ਉਹਨਾਂ ਨੂੰ ਨਵਿਆਉਣ ਲਈ ਅਤੇ ਆਪਣਾ ਰਿਕਾਰਡ ਦੇਖਣ ਲਈ ਆਪਣੇ ਲਾਇਬਰੇਰੀ ਕਾਰਡ ਦੀ ਬਾਰਕੋਡ ਅਤੇ ਪਰਸਨਲ ਆਈਡੈਂਟੀਫਿਕੇਸ਼ਨ ਨੰਬਰ (ਪਿੰਨ) ਵਰਤੋ।
- ਸਾਡਾ ਕੈਟਾਲੌਗ – ਫਰੇਜ਼ਰ ਵੈਲੀ ਰੀਜਨਲ ਲਾਇਬਰੇਰੀ ਦੀਆਂ 24 ਬ੍ਰਾਂਚਾਂ ਵਿੱਚੋਂ ਕਿਸੇ ਵੀ ਬ੍ਰਾਂਚ ਵਿੱਚੋਂ ਚੀਜ਼ਾਂ ਲਈ ਬੇਨਤੀ ਕਰਨ ਲਈ ਅਤੇ ਚੀਜ਼ਾਂ ਬਾਰੇ ਖੋਜ ਕਰਨ ਲਈ।

## ਲਾਇਬਰੇਰੀ ਦੇ ਪ੍ਰੋਗਰਾਮ:

ਹੇਠ ਲਿਖੇ ਪ੍ਰੋਗਰਾਮਾਂ ਦੇ ਸਮੇਂ ਬਾਰੇ ਜਾਣਕਾਰੀ ਲੈਣ ਲਈ ਸਾਨੂੰ ਫੋਨ ਕਰੋ ਜਾਂ ਆਪਣੀ ਸਥਾਨਕ ਲਾਇਬਰੇਰੀ ਵਿੱਚ ਜਾਉ:

- ਬੱਚਿਆਂ ਦੀਆਂ ਕਹਾਣੀਆਂ ਦਾ ਸਮਾਂ
- ਕਿਸ਼ੋਰ ਉਮਰ ਦੇ ਜਵਾਨਾਂ ਦੇ ਪ੍ਰੋਗਰਾਮ
- ਬਾਲਗਾਂ ਦੇ ਪ੍ਰੋਗਰਾਮ
- ਕਿਤਾਬਾਂ ਦੀ ਵਿਕਰੀ

## ਸਾਨੂੰ ਪੁੱਛੋ

ਤੁਹਾਡੇ ਸਵਾਲਾਂ ਅਤੇ ਸਰੋਕਾਰਾਂ ਬਾਰੇ ਮਦਦ ਕਰਕੇ ਲਾਇਬਰੇਰੀ ਦੇ ਸਟਾਫ ਨੂੰ ਖੁਸ਼ੀ ਹੁੰਦੀ ਹੈ।

05/09